# ਪ੍ਰੈੱਸ ਨੋਟ

## ਟਾਂਡਾ ਪੁਲਿਸ ਵੱਲੋ ਨਸ਼ੀਲੇ ਪਦਾਰਥਾ ਸਮੇਤ ਇੱਕ ਗ੍ਰਿਫਤਾਰ

ਇੰਸਪੈਕਟਰ ਓਂਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਨੇ ਦੱਸਿਆ ਕਿ ਜਿਲਾ ਹੁਸ਼ਿਆਰਪੁਰ ਦੇ ਮਾਨਯੋਗ ਸੀਨੀਅਰ ਕਪਤਾਨ ਪੁਲਿਸ ਸ੍ਰੀ ਸਰਤਾਜ ਸਿੰਘ ਚਾਹਲ ਆਈ.ਪੀ.ਐਸ ਜੀ ਨੇ ਜਿਲੇ ਅੰਦਰ ਨਸ਼ਿਆਂ ਅਤੇ ਮਾੜੇ ਅਨਸਰਾਂ ਉੱਤੇ ਕਾਬੂ ਪਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਹੋਈ ਹੈ ਜਿਸ ਦੇ ਤਹਿਤ ਉਹਨਾ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸ੍ਰੀ ਮੁਖਤਿਆਰ ਰਾਏ ਐਸ ਪੀ ਇੰਨਵੈਸਟੀਗੇਸ਼ਨ ਹੁਸ਼ਿਆਰਪੁਰ ਜੀ ਅਤੇ ਸ੍ਰੀ ਰਾਜ ਕੁਮਾਰ ਪੀ.ਪੀ.ਐਸ.ਉਪ ਪੁਲਿਸ ਕਪਤਾਨ ਸਬ ਡਵੀਜਨ ਟਾਂਡਾ ਦੀ ਅਗਵਾਈ ਹੇਠ ਇੰਸਪੈਕਟਰ ਓਂਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਅਧੀਨ ਆਉਂਦੀ ਚੌਕੀ ਸਰਾਂ ਦੇ ਇੰਨਚਾਰਜ ASI ਜਗੇਸ਼ ਕੁਮਾਰ 732/ਹੁਸ਼ ਸਮੇਤ ਸਾਥੀ ਕਰਮਚਾਰੀਆ ਦੇ ਬਾ ਸਿਲਸਿਲਾ ਗਸ਼ਤ ਦੇ ਸਬੰਧ ਵਿੱਚ ਪਿੰਡ ਚੇਟਾਲਾ ਬੱਸ ਅੱਡਾ ਮੌਜੂਦ ਸੀ, ਤਾਂ ਮੁੱਖਬਰ ਖਾਸ ਦੀ ਇਤਲਾਹ ਪਰ ਇੱਕ ਨਸ਼ਾਂ ਦੇ ਧੰਦਾ ਕਰਨ ਵਾਲੇ ਵਿਅਕਤੀ ਨੂੰ ਮਿਤੀ 27-5-2022 ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਜਿਸ ਨੂੰ ਜਾਬਤਾ ਅਨੁਸਾਰ ਕਾਰਵਾਈ ਕਰਕੇ ਮੁੱਕਦਮਾ ਦਰਜ ਕਰਨ ਉਪਰੰਤ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 02 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ । ਪੁਲਿਸ ਵੱਲੋ ਇਸ ਦੋਸ਼ੀ ਤੋ ਪੁੱਛ ਗਿੱਛ ਕੀਤੀ ਜਾ ਰਹੀ ਹੈ ਕਿ ਇਹ ਆਪਣਾ ਧੰਦਾ ਕਿਨਾ ਸੋਰਸਾ ਰਾਹੀ ਚਲਾ ਰਿਹਾ ਹੈ ਅਤੇ ਕਿਹੜੇ-ਕਿਹੜੇ ਗਾਹਕਾ ਨੂੰ ਸਪਲਾਈ ਕਰਦਾ ਸੀ ਪੁਲਿਸ ਵੱਲੋ ਨਸ਼ਾ ਵੇਚਣ ਵਾਲਿਆ ਦੇ ਖਿਲਾਫ ਆਧੁਨਿਕ ਢੰਗ ਤਰੀਕਿਆ ਨਾਲ ਸਪੈਸ਼ਲ ਮੁਹਿੰਮ ਚਲਾਈ ਗਈ ਹੈ।

**ਦਰਜ ਮੁੱਕਦਮਾ** :-ਮੁੱ:ਨੰ: 122 ਮਿਤੀ 27-05-2022 ਅ:ਧ 22-61-85 NDPS ACT ਥਾਣਾ ਟਾਂਡਾ ਜਿਲ੍ਹਾ ਹੁਸ਼ਿਆਰਪੁਰ ।

**ਗ੍ਰਿਫਤਾਰ ਦੋਸ਼ੀ ਦਾ ਪਤਾ**:- ਸਤਿੰਦਰ ਪੁੱਤਰ ਤਰਸੇਮ ਲਾਲ ਵਾਸੀ ਚੇਟਾਲਾ ਥਾਣਾ ਟਾਂਡਾ ਜਿਲਾ ਹੁਸ਼ਿਆਰਪੁਰ ।

**ਬ੍ਰਾਮਦਗੀ**:- 30 ਗ੍ਰਾਮ ਨਸ਼ੀਲਾ ਪਦਾਰਥ